ਅਕਾਦਮਿਕ ਸਾਲ (2025-26)

**Model test paper**

**ਜਮਾਤ ਅੱਠਵੀਂ**

**ਵਿਸ਼ਾ - ਸਮਾਜਿਕ ਵਿਗਿਆਨ**

(ਕੇਵਲ ਵਿੱਲਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

ਸਮਾਂ- 3 ਘੰਟੇ ਕੁੱਲ ਅੰਕ- 80

1. ਸਾਰੇ ਪ੍ਰਸ਼ਨ ਜਰੂਰੀ ਹਨ।
2. ਪਸ਼ਨ ਪੱਤਰ ਦੇ ਪੰਜ ਭਾਗ (ੳ, ਅ, ੲ, ਸ ਅਤੇ ਹ) ਹਨ। ਭਾਗ- ੳ ਵਿੱਚ ਬਹੁਵਿਕਲਪੀ ਪਸ਼ਨ, ਭਾਗ-ਅ ਵਿੱਚ ਵਸਤੂਨਿਸਠ ਪਸ਼ਨ, ਭਾਗ-ੲ ਵਿੱਚ ਛੋਟੇ ਉੱਤਰ ਵਾਲੇ ਪਸ਼ਨ, ਭਾਗ-ਸ ਵਿੱਚ ਸਰੋਤ ਅਧਾਰਤ ਪਸ਼ਨ ਅਤੇ ਭਾਗ-ਹ ਵਿੱਚ ਨਕਸ਼ੇ ਨਾਲ ਸੰਬੰਧਤ ਪਸ਼ਨ ਹਨ।
3. ਹਰ ਭਾਗ ਵਿੱਚ ਦਿਤੇ ਨੋਟ ਅਨੁਸਾਰ ਪਸ਼ਨਾਂ ਦੇ ਉੱਤਰ ਦਿਤੇ ਜਾਣ।
   ਨੋਟ:- ਦੇਖਣ ਤੋਂ ਅਸਮਰਥ ਵਿਦਿਆਰਥੀਆਂ ਲਈ ਨਕਸ਼ੇ ਦੀ ਥਾਂ ਵੱਖਰਾ ਪਸ਼ਨ ਪੁਛਿਆ ਜਾਵੇਗਾ। ਜੋ ਕਿ ਛੋਟੇ ਉਤਰ ਵਾਲੇ ਪਸ਼ਨ ਵਿਚੋਂ ਪੁਛਿਆ ਜਾਵੇਗਾ ।

ਭਾਗ- ੳ

1. ਬਹੁ ਵਿਕਲਪੀ ਪ੍ਰਸ਼ਨ। ਸਹੀ ਵਿਕਲਪ ਦੀ ਚੋਣ ਕਰੋ। ਹਰੇਕ ਪ੍ਰਸ਼ਨ 2 ਅੰਕ ਦਾ ਹੈ। ਸਾਰੇ ਪ੍ਰਸ਼ਨ ਜਰੂਰੀ ਹਨ। 10 X 2 = 20 ਅੰਕ

   I. ਬਾਕੀ ਸਾਧਨਾਂ ਦੇ ਕਿ ਵਿਕਾਸ ਲਈ ਕਿਹੜਾ ਸਾਧਨ੍ ਪੂਰੀ ਤਰ੍ਹਾਂ ਵਿਕਸਿਤ ਹੋਣਾ ਚਾਹੀਦਾ ਹੈ?

   (ੳ) ਖਣਿਜ ਸਾਧਨ (ਅ) ਨਾ-ਮੁੱਕਣਯੋਗ ਸਾਧਨ੍

   (ੲ) ਮੁੱਕਣਯੋਗ ਸਾਧਨ (ਸ) ਮਨੁੱਖੀ ਸਾਧਨ

   II. ਕੋਲੇ ਦੀ ਸਭ ਤੋ ਵਧੀਆ ਕਿਸਮ ਕਿਹੜੀ ਹੈ ?

   (ੳ) ਐਥਰੇਸਾਈਟ (ਅ) ਲਿਗਨਾਈਟ

   (ੲ) ਪੀਟ (ਸ) ਬਿੱਟੂਮੀਨਸ

   III. ਬੰਬ ਧਮਾਕੇ ਕਿਹੜੀ ਆਫਤ ਹੈ ?

   (ੳ) ਕੁਦਰਤੀ ਆਫਤ (ਅ) ਮਨੁੱਖੀ ਆਫਤ

   (ੲ) ੳ ਅਤੇ ਅ ਦੋਵੇਂ (ਸ) ਕੋਈ ਨਹੀਂ

IV. ਕਿਸ ਐਕਟ ਦੁਆਰਾ ਇੰਗਲੈਂਡ ਵਿਚ ਬੋਰਡ ਆਫ਼ ਕੰਟਰੋਲ ਦੀ ਸਥਾਪਨਾ ਕੀਤੀ ਗਈ?

(ੳ) ਚਾਰਟਰ ਐਕਟ 1833 ਈ: (ਅ) ਪਿਟਸ ਇੰਡੀਆ ਐਕਟ 1784 ਈ:
(ੲ) ਰੈਗੂਲੇਟਿੰਗ ਐਕਟ 1773 ਈ: (ਸ) ਉਪਰੋਕਤ ਵਿਚੋਂ ਕੋਈ ਨਹੀਂ

V. ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨ ਲਈ ਕਿਸ ਨੇ ਸਹਾਇਕ ਸੰਧੀ ਪ੍ਰਣਾਲੀ ਸ਼ੁਰੂ ਕੀਤੀ?

(ੳ) ਲਾਰਡ ਡਲਹੌਜ਼ੀ (ਅ) ਰਾਬਰਟ ਕਲਾਈਵ
(ੲ) ਲਾਰਡ ਵੈਲਜ਼ਲੀ (ਸ) ਸਰ ਥਾਮਸ ਰੋ

VI. ਭੀਲ ਕਬੀਲੇ ਦੇ ਲੋਕ ਭਾਰਤ ਦੇ ਕਿਸ ਪ੍ਰਾਂਤ ਨਾਲ ਸਬੰਧ ਰੱਖਦੇ ਹਨ?

(ੳ) ਬਿਹਾਰ (ਅ) ਬੰਗਾਲ
(ੲ) ਮੱਧ ਪ੍ਰਦੇਸ (ਸ) ਉੜੀਸਾ

VII. ਪਟਸਨ ਉਦਯੋਗ ਦਾ ਪਹਿਲਾ ਕਾਰਖਾਨਾ ਕਿੱਥੇ ਖੋਲ੍ਹਿਆ ਗਿਆ?

(ੳ) ਸੈਰਮਪੁਰ (ਅ) ਪਟਨਾ
(ੲ) ਆਗਰਾ (ਸ) ਮਦਰਾਸ

VIII. ਭਾਰਤੀ ਸੰਵਿਧਾਨ ਕਦੋ ਲਾਗੂ ਕੀਤਾ ਗਿਆ ?

**(ੳ)** 26 ਜਨਵਰੀ 1949 (ਅ) 26 ਜਨਵਰੀ 1950
(ੲ) 26 ਜਨਵਰੀ 1930 (ਸ) 26 ਜਨਵਰੀ 1949

IX. ਭਾਰਤ ਕਦੋਂ ਆਜ਼ਾਦ ਹੋਇਆ?

(ੳ) 26 ਜਨਵਰੀ 1950 (ਅ) 26 ਜਨਵਰੀ 1947
(ੲ) 15 ਅਗਸਤ 1947 (ਸ) 27 ਅਗਸਤ 1948

X. ਭਾਰਤ ਦੀ ਸਰਵਉੱਚ ਅਦਾਲਤ ਕਿੱਥੇ ਸਥਿਤ ਹੈ ?

**(ੳ)** ਚੰਡੀਗੜ੍ਹ (ਅ) ਦਿੱਲੀ
(ੲ) ਮੁੰਬਈ (ਸ) ਆਗਰਾ

ਭਾਗ-ਅ

ਪਸ਼ਨ 2. ਹਰੇਕ ਵਸਤੂਨਿਸ਼ਠ ਪਸ਼ਨ ਦੇ ਦੋ ਅੰਕ ਹਨ ਅਤੇ ਸਾਰੇ ਪਸ਼ਨ ਲਾਜ਼ਮੀ ਹਨ:- 12x2=24

**ਖਾਲੀ ਥਾਵਾਂ ਭਰੋ-**

I. ਚਾਵਲ ਇੱਕ ______ ਫਸਲ ਹੈ।
II. ਇਤਿਹਾਸ ________________ ਦਾ ਅਧਿਐਨ ਹੈ।
III. ________________ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦਾ ਪੈਗੰਬਰ ਕਿਹਾ ਜਾਂਦਾ ਹੈ।
IV. ਭਾਰਤ ਦੇ ਪਹਿਲੇ ਰਾਸਟਰਪਤੀ ________ ਸਨ

ਸਹੀ / ਗਲਤ ਦਾ ਨਿਸਾਨ ਲਗਾਓ-

V. ਹੜ੍ਹ, ਮੀਂਹ, ਸੁਨਾਮੀ ਅਤੇ ਭੂਚਾਲ ਆਦਿ ਕੁਦਰਤੀ ਆਫਤਾਂ ਹਨ। ( )
VI. ਅੰਗਰੇਜੀ ਸ਼ਾਸ਼ਨ ਸਮੇਂ ਲਾਰਡ ਕਾਰਨਵਾਲਿਸ ਨੇ ਪੁਲਿਸ ਵਿਭਾਗ ਦੀ ਸਥਾਪਨਾ ਕੀਤੀ।( )
VII. ਵੋਟ ਦਾ ਅਧਿਕਾਰ ਰਾਜਨੀਤਿਕ ਨਿਆਂ ਪ੍ਰਦਾਨ ਕਰਦਾ ਹੈ । ( )
VIII. ਵਿਧਾਨ ਪਾਲਿਕਾ ਕਾਨੂੰਨ ਬਣਾਉਂਦੀ ਹੈ । ( )

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਦਿਓ-

IX. ਬੈਂਕਾਂ ਵਿਚ ਸਭ ਤੋਂ ਵੱਧ ਲੋਕਪ੍ਰਿਅ ਖਾਤੇ ਕਿਹੜੀ ਕਿਸਮ ਦੇ ਖੋਲ੍ਹੇ ਗਏ ਹਨ?
X. RTGS ਰਾਹੀਂ ਘੱਟੋ-ਘੱਟ ਕਿੰਨੀ ਰਕਮ ਅਦਾ ਕੀਤੀ ਜਾ ਸਕਦੀ ਹੈ?
XI. ਆਨੰਦਮੱਠ ਨਾਵਲ ਕਿਸਨੇ ਲਿਖਿਆ ਸੀ?
XII. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ?

ਭਾਗ-ੲ

ਪਸ਼ਨ 3. ਸਾਰੇ ਪਸ਼ਨ ਲਾਜ਼ਮੀ ਹਨ ਅਤੇ ਹਰੇਕ ਪਸ਼ਨ ਦੇ 4 ਅੰਕ ਹਨ। ਹਰ ਪ੍ਰਸ਼ਨ ਦਾ ਉਤਰ 25 ਤੋਂ 30 ਸ਼ਬਦਾਂ ਵਿਚ ਦਿਓ:- (4x4= 16 ਅੰਕ)

I. ਪੱਤਝੜੀ ਜੰਗਲ ਕਿਹੜੇ ਹੁੰਦੇ ਹਨ ?
II. ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ?
III. ਮਹਾਤਮਾ ਗਾਂਧੀ ਜੀ ਕਿਸ ਦੇਸ਼ ਤੋਂ ਅਤੇ ਕਦੋਂ ਵਾਪਿਸ ਆਏ?
IV. ਸੰਸਦ ਦੇ ਸ਼ਬਦੀ ਅਰਥ ਲਿਖੋ।

**ਭਾਗ-ਸ**

**ਪਸ਼ਨ 4. ਪੈਰੇ ਨੂੰ ਪੜਨ ਉਪਰੰਤ ਹੇਠ ਲ਼ਿਖੇ ਪ੍ਰਸ਼ਨਾਂ ਦੇ ਉੱਤਰ ਦਿਓ:- (5x2=10)**

**ਮੌਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਜਿਸ ਤੇ ਖੇਤੀਬਾੜੀ ਦਾ ਸਮੁੱਚਾ ਆਰਿਥਕ ਢਾਂਚਾ ਨਿਰਭਰ ਕਰਦਾ ਹੈ। ਮੌਨਸੂਨੀ ਵਰਖਾ ਜਦ ਸਮੇਂ ਸਿਰ 'ਤੇ ਸਹੀ ਮਾਤਰਾ ਵਿਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰਿਆਲੀ ਨਜ਼ਰ ਆਉਂਦੀ ਹੈ। ਮੌਨਸੂਨ ਪੌਣਾਂ ਦੀ ਅਸਫ਼ਲਤਾ ਦੇ ਕਾਰਨ**

ਫ਼ਸਲਾਂ ਸੁੱਕ ਜਾਂਦੀਆਂ ਹਨ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ ਮੌਨਸੂਨੀ ਪੌਣਾਂ ਦਾ ਦੇਸ਼ ਅੰਦਰ ਬਹੁਤ ਗੂੜਾ ਸੰਬੰਧ ਬਣ ਜਾਂਦਾ ਹੈ। ਭਾਰਤ ਦੇ ਸਮਾਜ ਅਤੇ ਸੱਭਿਆਚਾਰ 'ਤੇ ਮੌਨਸੂਨ ਪੌਣਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਲੋਕਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਰੀਤੀ ਰਿਵਾਜ 'ਤੇ ਮੌਨਸੂਨ ਪੌਣਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਦੇ ਆਉਣ ਦੀ ਉਡੀਕ ਵਿਚ ਲੋਕ-ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿਚ ਕਜਰੀ ਤੇ ਬ੍ਰਿਜ ਵਿਚ ਮਲਾਰ ਆਦਿ। ਦੇਸ਼ ਦੇ ਧਾਰਿਮਕ ਜੀਵਨ 'ਤੇ ਵੀ ਮੌਨਸੂਨ ਪੌਣਾਂ ਦਾ ਪਭਾਵ ਦੇਖਣ ਨੂੰ ਮਿਲਦਾ ਹੈ। ਮੌਨਸੂਨੀ ਜਲਵਾਯੂ ਨੇ ਲੋਕ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ। ਅਨੇਕ ਤਿਉਹਾਰ ਵੀ ਮੌਨਸੂਨ ਨਾਲ ਜੁੜੇ ਹੋਏ ਹਨ।

1. ਖੇਤੀਬਾੜੀ ਦਾ ਸਮੁੱਚਾ ਆਰਿਥਕ ਢਾਂਚਾ ਕਿਹੜੇ ਕੁਦਰਤੀ ਵਰਤਾਰੇ 'ਤੇ ਨਿਰਭਰ ਕਰਦਾ ਹੈ ?

2. ਹਰਿਆਣੇ ਵਿਚ ਜਦ ਸਾਉਣ ਦਾ ਮਹੀਨਾ ਮਨਾਇਆ ਜਾਂਦਾ ਹੈ ਤਾਂ ਪੰਜਾਬ ਤੇ ਭੋਜਪੁਰ ਵਿਚ ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?

3. ਭਾਰਤੀ ਲੋਕ ਕਿਸਮਤਵਾਦੀ ਕਿਵੇਂ ਬਣ ਗਏ ਹਨ ?

4. ਮੌਨਸੂਨੀ ਵਰਖਾ ਦੇ ਖੇਤੀਬਾੜੀ ਨੂੰ ਕਿਹੜੇ - ਕਿਹੜੇ ਫ਼ਾਇਦੇ ਹੁੰਦੇ ਹਨ?

5. ਮੌਨਸੂਨ ਪੌਣਾਂ ਲੋਕ ਦੇ ਜੀਵਨ 'ਤੇ ਕਿਹੜੇ- ਕਿਹੜੇ ਪਭਾਵ ਪਾਉਂਦੀਆਂ ਹਨ?

## ਭਾਗ-ਹ

ਪਸ਼ਨ 5. ਭਾਰਤ ਦੇ ਨਕਸ਼ੇ ਵਿੱਚ ਕੋਈ 5 ਸਥਾਨ (ਤਿੰਨ ਸਥਾਨ ਭੂਗੋਲ ਭਾਗ ਵਿੱਚੋਂ ਅਤੇ ਦੋ ਸਥਾਨ ਇਤਹਾਸ ਭਾਗ ਵਿੱਚੋਂ ਦਰਸਾਓ :- (5x2=10)

(ਭੂਗੋਲ ਭਾਗ)

I. ਕੱਚਾ ਲੋਹਾ ਖੇਤਰ
II. ਸੋਨਾ ਖੇਤਰ
III. ਤਾਂਬਾ ਖੇਤਰ
IV. ਚਾਹ ਉਤਪਾਦਕ ਖੇਤਰ
V. ਕਾਲੀ ਮਿਟੀ ਵਾਲਾ ਰਾਜ

( ਇਤਿਹਾਸ ਭਾਗ)

VI. ਮਹਿਲਵਾੜੀ ਪ੍ਰਬੰਧ ਵਾਲਾ ਰਾਜ
VII. ਸਥਾਈ ਬੰਦੋਬਸਤ ਵਾਲਾ ਰਾਜ
VIII. ਮੇਰਠ
IX. ਦਿੱਲੀ